# ਸਿੱਖਾਂ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਤੋਂ ਕਸ਼ਮੀਰੀ ਲੋਕ ਕਾਇਲ



ਸ੍ਰੀਨਗਰ- ਕੁਦਰਤੀ ਆਫਤ ਹੜ੍ਹ ਦਾ ਸ਼ਿਕਾਰ ਹੋਏ ਕਸ਼ਮੀਰੀ ਲੋਕਾਂ ਦੀ ਮਦਦ ਲਈ ਜਿਸ ਤਰ੍ਹਾਂ ਸ੍ਰੀਨਗਰ 'ਚ ਰਹਿੰਦੇ ਸਿੱਖਾਂ ਨੇ ਪਹਿਲੇ ਦਿਨ ਤੋਂ ਹੀ ਬਿਨਾਂ ਕਿਸੇ ਜਾਤ, ਧਰਮ ਦਾ ਭੇਦ-ਭਾਵ ਕੀਤੇ ਰਾਹਤ ਕਾਰਜਾਂ 'ਚ ਉੱਭਰਵਾਂ ਰੋਲ ਅਦਾ ਕੀਤਾ ਤੇ ਫਿਰ ਤਿੰਨ ਦਿਨਾਂ ਵਿਚ ਹੀ ਸ਼੍ਰੋਮਣੀ ਗੁ:ਪ੍ਰ: ਕਮੇਟੀ ਅਤੇ ਹੋਰ ਸਿੱਖ ਸੰਗਠਨ ਰਾਹਤ ਕਾਰਜਾਂ ਵਿਚ ਜਾ ਜੁਟੇ, ਇਸ ਨੇ ਸਮੁੱਚੇ ਕਸ਼ਮੀਰੀ ਲੋਕਾਂ ਨੂੰ ਹੀ ਕਾਇਲ ਕਰ ਲਿਆ ਹੈ। ਸ੍ਰੀਨਗਰ ਦਾ ਕੋਈ ਹਿੱਸਾ ਅਜਿਹਾ ਨਹੀਂ, ਜਿਥੇ ਸਿੱਖ ਆਗੂ ਨਾ ਪੁੱਜੇ ਹੋਣ। ਵਿਲੱਖਣ ਗੱਲ ਇਹ ਹੈ ਕਿ ਸ਼੍ਰੋਮਣੀ ਕਮੇਟੀ ਤੇ ਹੋਰ ਸੰਸਥਾਵਾਂ ਵੱਲੋਂ ਲਗਾਏ ਰਾਹਤ ਕਾਰਜਾਂ ਵਿਚ ਸਿੱਖਾਂ ਦੀ ਬਜਾਏ ਮੁਸਲਿਮ ਤੇ ਹਿੰਦੂ ਭਾਈਚਾਰਿਆਂ ਦੇ ਲੋਕ ਵਧੇਰੇ ਦੇਖੇ ਜਾਂਦੇ ਹਨ, ਜਦਕਿ ਹੋਰ ਭਾਈਚਾਰਿਆਂ ਦੀਆਂ ਸੰਸਥਾਵਾਂ ਦੇ ਰਾਹਤ ਕੈਂਪਾਂ ਵਿਚ ਕਿਸੇ ਵੀ ਦੂਜੇ ਭਾਈਚਾਰੇ ਜਾਂ ਧਰਮ ਦਾ ਬੰਦਾ ਖੜ੍ਹਾ ਨਜ਼ਰ ਨਹੀਂ ਆਉਂਦਾ ਹੈ। ਦੂਜੀ ਗੱਲ ਸ਼੍ਰੋਮਣੀ ਕਮੇਟੀ ਨੇ ਜਦ ਤੱਕ ਲੋੜ ਹੈ ਰਾਹਤ ਕੈਂਪ ਚਲਾਏ ਜਾਣ ਦਾ ਐਲਾਨ ਕੀਤਾ, ਪਰ ਫੌਜ ਤਾਂ ਦੋ ਦਿਨ ਬਾਅਦ ਹੀ ਰਾਹਤ ਕਾਰਜਾਂ ਵਿੱਚੋਂ ਬਾਹਰ ਹੋ ਗਈ ਤੇ ਕਸ਼ਮੀਰੀ ਲੋਕਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਹੀ ਆਲੇ-ਦੁਆਲੇ ਦੇ ਖੇਤਰਾਂ ਦੇ ਲੋਕਾਂ ਦੇ ਸਹਿਯੋਗ ਨਾਲ ਰਾਹਤ ਕੈਂਪ ਚਲਾਉਂਦੀਆਂ ਰਹੀਆਂ। ਹੈਰਾਨੀ ਵਾਲੀ ਗੱਲ ਇਹ ਹੈ ਕਿ ਸਰਕਾਰ ਵੱਲੋਂ ਇਕ ਵੀ ਰਾਹਤ ਕੈਂਪ ਨਹੀਂ ਲਗਾਇਆ ਗਿਆ।

ਸ੍ਰੀਨਗਰ- ਕੁਦਰਤੀ ਆਫਤ ਹੜ੍ਹ ਦਾ ਸ਼ਿਕਾਰ ਹੋਏ ਕਸ਼ਮੀਰੀ ਲੋਕਾਂ ਦੀ ਮਦਦ ਲਈ ਜਿਸ ਤਰ੍ਹਾਂ ਸ੍ਰੀਨਗਰ 'ਚ ਰਹਿੰਦੇ ਸਿੱਖਾਂ ਨੇ ਪਹਿਲੇ ਦਿਨ ਤੋਂ ਹੀ ਬਿਨਾਂ ਕਿਸੇ ਜਾਤ, ਧਰਮ ਦਾ ਭੇਦ-ਭਾਵ ਕੀਤੇ ਰਾਹਤ ਕਾਰਜਾਂ 'ਚ ਉੱਭਰਵਾਂ ਰੋਲ ਅਦਾ ਕੀਤਾ ਤੇ ਫਿਰ ਤਿੰਨ ਦਿਨਾਂ ਵਿਚ ਹੀ ਸ਼੍ਰੋਮਣੀ ਗੁ:ਪ੍ਰ: ਕਮੇਟੀ ਅਤੇ ਹੋਰ ਸਿੱਖ ਸੰਗਠਨ ਰਾਹਤ ਕਾਰਜਾਂ ਵਿਚ ਜਾ ਜੁਟੇ, ਇਸ ਨੇ ਸਮੁੱਚੇ ਕਸ਼ਮੀਰੀ ਲੋਕਾਂ ਨੂੰ ਹੀ ਕਾਇਲ



ਕਰ ਲਿਆ ਹੈ। ਸ੍ਰੀਨਗਰ ਦਾ ਕੋਈ ਹਿੱਸਾ ਅਜਿਹਾ ਨਹੀਂ, ਜਿਥੇ ਸਿੱਖ ਆਗੂ ਨਾ ਪੁੱਜੇ ਹੋਣ। ਵਿਲੱਖਣ ਗੱਲ ਇਹ ਹੈ ਕਿ ਸ਼੍ਰੋਮਣੀ ਕਮੇਟੀ ਤੇ ਹੋਰ ਸੰਸਥਾਵਾਂ ਵੱਲੋਂ ਲਗਾਏ ਰਾਹਤ ਕਾਰਜਾਂ ਵਿਚ ਸਿੱਖਾਂ ਦੀ ਬਜਾਏ ਮੁਸਲਿਮ ਤੇ ਹਿੰਦੂ ਭਾਈਚਾਰਿਆਂ ਦੇ ਲੋਕ ਵਧੇਰੇ ਦੇਖੇ ਜਾਂਦੇ ਹਨ, ਜਦਕਿ ਹੋਰ ਭਾਈਚਾਰਿਆਂ ਦੀਆਂ ਸੰਸਥਾਵਾਂ ਦੇ ਰਾਹਤ ਕੈਂਪਾਂ ਵਿਚ ਕਿਸੇ ਵੀ ਦੂਜੇ ਭਾਈਚਾਰੇ ਜਾਂ ਧਰਮ ਦਾ ਬੰਦਾ ਖੜ੍ਹਾ ਨਜ਼ਰ ਨਹੀਂ ਆਉਂਦਾ ਹੈ। ਦੂਜੀ ਗੱਲ ਸ਼੍ਰੋਮਣੀ ਕਮੇਟੀ ਨੇ ਜਦ ਤੱਕ ਲੋੜ ਹੈ ਰਾਹਤ ਕੈਂਪ ਚਲਾਏ ਜਾਣ ਦਾ ਐਲਾਨ ਕੀਤਾ, ਪਰ ਫੌਜ ਤਾਂ ਦੋ ਦਿਨ ਬਾਅਦ ਹੀ ਰਾਹਤ ਕਾਰਜਾਂ ਵਿੱਚੋਂ ਬਾਹਰ ਹੋ ਗਈ ਤੇ ਕਸ਼ਮੀਰੀ ਲੋਕਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਹੀ ਆਲੇ-ਦੁਆਲੇ ਦੇ ਖੇਤਰਾਂ ਦੇ ਲੋਕਾਂ ਦੇ ਸਹਿਯੋਗ ਨਾਲ ਰਾਹਤ ਕੈਂਪ ਚਲਾਉਂਦੀਆਂ ਰਹੀਆਂ। ਹੈਰਾਨੀ ਵਾਲੀ ਗੱਲ ਇਹ ਹੈ ਕਿ ਸਰਕਾਰ ਵੱਲੋਂ ਇਕ ਵੀ ਰਾਹਤ ਕੈਂਪ ਨਹੀਂ ਲਗਾਇਆ ਗਿਆ।

ਸ਼੍ਰੋਮਣੀ ਕਮੇਟੀ ਲਗਾਤਾਰ ਪਹਿਲੇ ਕਈ ਦਿਨ ਜਹਾਜ਼ਾਂ ਰਾਹੀਂ ਲੰਗਰ ਲਿਆ ਕੇ ਪੀੜਤਾਂ 'ਚ ਵੰਡਦੀ ਰਹੀ ਤੇ ਹੁਣ ਗੁਰਦੁਆਰਾ ਸ਼ਹੀਦ ਬੁੰਗਾ, ਗੁ: ਅਲੂਚੀ ਬਾਗ ਤੇ ਹੋਰ ਵੱਖ-ਵੱਖ ਗੁਰਦੁਆਰਿਆਂ ਵਿਚ ਰਸਦ ਭੇਜ ਕੇ ਲੰਗਰ ਉਥੇ ਤਿਆਰ ਕਰਕੇ ਵਰਤਾਇਆ ਜਾਂਦਾ ਹੈ। ਸ਼੍ਰੋਮਣੀ ਗੁ:ਪ੍ਰ: ਕਮੇਟੀ ਤੇ ਸਿੱਖ ਰਿਲੀਫ਼ ਵਾਲਿਆਂ ਨੇ ਮਿਸਾਲੀ ਕੰਮ ਇਹ ਕੀਤਾ ਕਿ ਬਿਨਾਂ ਕਿਸੇ ਮਸ਼ੀਨਰੀ ਦੇ ਜਵਾਹਰ ਨਗਰ ਖੇਤਰ 'ਚ ਡਿੱਗੇ ਘਰਾਂ ਦੇ ਮਲਬਿਆਂ 'ਚ ਦੱਬੀਆਂ ੨੩ ਲਾਸ਼ਾਂ ਕੱਢ ਕੇ ਉਨ੍ਹਾਂ ਦਾ ਸਸਕਾਰ ਵੀ ਆਪ ਹੀ ਕਰਵਾਇਆ। ਇਨ੍ਹਾਂ ਪਰਿਵਾਰਾਂ ਵਿੱਚੋਂ ਬਚੇ ਕੁਝ ਲੋਕ ਬਿਹਾਰ ਆਦਿ ਸੂਬਿਆਂ 'ਚ ਜਾਣਾ ਚਾਹੁੰਦੇ ਸਨ, ਉਨ੍ਹਾਂ ਦੇ ਵਾਪਸ ਜਾਣ ਦਾ ਸਾਰਾ ਖਰਚਾ ਵੀ ਸ਼੍ਰੋਮਣੀ ਕਮੇਟੀ ਹੀ ਦੇ ਰਹੀ ਹੈ। ਕਸ਼ਮੀਰ ਦੇ ੫੨ ਸਿੱਖ ਬੱਚੇ ਇਸ ਵੇਲੇ ਪੰਜਾਬ ਵਿਚ ਪੜ੍ਹਦੇ ਹਨ, ਹੜ੍ਹਾਂ ਕਾਰਨ ਉਨ੍ਹਾਂ ਦੇ ਮਾਪਿਆਂ 'ਚ ਹਿੰਮਤ ਨਹੀਂ ਕਿ ਉਹ ਖਰਚਾ ਭੇਜ ਸਕਣ। ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਸਾਰੇ ਬੱਚਿਆਂ ਨੂੰ ੫-੫ ਹਜ਼ਾਰ ਰੁਪਏ ਇਕ ਸਾਲ ਲਈ ਆਪਣੇ ਪੱਲਿਉਂ ਦੇਣ ਦਾ ਫ਼ੈਸਲਾ ਕੀਤਾ ਹੈ ਤੇ ਪਹਿਲੀ ਕਿਸ਼ਤ ਦੇ ਵੀ ਦਿੱਤੀ ਹੈ। ਸਿੱਖ ਸੰਸਥਾਵਾਂ ਖਾਸਕਰ ਸ਼੍ਰੋਮਣੀ ਕਮੇਟੀ ਵੱਲੋਂ ਰਾਹਤ ਕਾਰਜਾਂ ਵਿਚ ਵੱਡੇ ਪੱਧਰ 'ਤੇ ਸ਼ਮੂਲੀਅਤ ਤੋਂ ਹੁਰੀਅਤ ਕਾਨਫ਼ਰੰਸ ਦੇ ਆਗੂ ਬੇਹੱਦ ਪ੍ਰਭਾਵਿਤ ਹਨ। ਰਾਹਤ ਕਾਰਜਾਂ ਦੀ ਦੇਖ-ਰੇਖ ਕਰਨ ਲਈ ਸ੍ਰੀਨਗਰ ਗਏ ਸ਼੍ਰੋਮਣੀ ਕਮੇਟੀ ਆਗੂ ਸ. ਸੁਖਦੇਵ ਸਿੰਘ ਭੌਰ, ਸ. ਰਾਜਿੰਦਰ ਸਿੰਘ ਮਹਿਤਾ, ਵਧੀਕ ਸਕੱਤਰ ਸ. ਦਿਲਜੀਤ ਸਿੰਘ 'ਬੇਦੀ', ਡਾ. ਗੁਰਮੋਹਨ ਸਿੰਘ ਵਾਲੀਆ ਤੇ ਹੋਰ ਆਗੂਆਂ ਨੇ ਗੁ: ਸ਼ਹੀਦ ਬੁੰਗਾ ਵਿਖੇ ਸ੍ਰੀਨਗਰ ਦੇ ਸਿੱਖ ਆਗੂਆਂ ਨਾਲ ਮੀਟਿੰਗ ਤੋਂ ਬਾਅਦ ਸ਼ਹਿਰ 'ਚ ਪ੍ਰਭਾਵਿਤ ਖੇਤਰਾਂ ਦਾ ਦੌਰਾ ਵੀ ਕੀਤਾ। ਇਸ ਮੌਕੇ ਹੁਰੀਅਤ ਕਾਨਫ਼ਰੰਸ ਦੇ ਆਗੂ ਸਈਅਦ ਅਲੀ ਸ਼ਾਹ ਗਿਲਾਨੀ ਨੇ ਸ਼੍ਰੋਮਣੀ ਕਮੇਟੀ ਦੀ ਹੜ੍ਹ ਪੀੜਤਾਂ ਨੂੰ ਰਾਹਤ ਪੁਚਾਉਣ 'ਚ ਨਿਭਾਈ ਭੂਮਿਕਾ ਦੀ ਜ਼ੋਰਦਾਰ ਸਰਾਹਨਾ ਕੀਤੀ ਤੇ ਨਾਲ ਹੀ ਅਪੀਲ ਕੀਤੀ ਕਿ ਰਾਹਤ ਕਾਰਜਾਂ 'ਚ ਹੋਰ ਹਿੱਸਾ ਪਾਇਆ ਜਾਵੇ। ਹੁਰੀਅਤ ਕਾਨਫ਼ਰੰਸ ਆਗੂ ਸਬੀਰ ਅਹਿਮਦ ਸ਼ਾਹ ਤੇ ਜਫ਼ਰ ਅਕਬਰ ਭੱਟ ਵੀ ਕਹਿ ਰਹੇ ਸਨ ਕਿ ਸਿੱਖ ਸੰਸਥਾ ਦੇ ਅਸੀਂ ਬੇਹੱਦ ਅਹਿਸਾਨਮੰਦ ਹਾਂ, ਜਿਨ੍ਹਾਂ ਨੇ ਸੰਕਟ 'ਚ ਫਸੇ ਕਸ਼ਮੀਰੀਆਂ ਦੀ ਬੇਗਰਜ਼ ਮਦਦ ਕੀਤੀ ਹੈ।

(੨੨ ਸਤੰਬਰ ੨੦੧੪, ਰੋਜ਼ਾਨਾ ਅਜੀਤ)



# ਜੰਮੂ-ਕਸ਼ਮੀਰ ਵਿਚ ਚਲਾਏ ਰਾਹਤ ਕਾਰਜਾਂ ਨੇ ਵਿਸ਼ਵ ਭਰ ਵਿਚ ਉੱਚਾ ਕੀਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੱਦ

ਜੰਮੂ-ਕਸ਼ਮੀਰ ਵਿਚ ਆਈ ਕੁਦਰਤੀ ਆਫ਼ਤ (ਹੜ੍ਹ) ਕਾਰਨ ਹੋਈ ਤਬਾਹੀ ਦੇ ਚੱਲਦਿਆਂ ਜਿਥੇ ਕੇਂਦਰ ਸਮੇਤ ਕਈ ਰਾਜਾਂ ਦੀਆਂ ਸਰਕਾਰਾਂ ਸਿਰਫ ਆਰਥਿਕ ਰਾਹਤ ਐਲਾਨਣ ਤੀਕ ਹੀ ਸੀਮਤ ਰਹੀਆਂ ਹਨ ਅਤੇ ਕਿਸੇ ਵੀ ਰਾਜਸੀ ਆਗੂ ਨੇ ਕਸ਼ਮੀਰੀ ਲੋਕਾਂ ਦੀ ਮੌਕੇ 'ਤੇ ਜਾ ਕੇ ਸਾਰ ਲੈਣੀ ਜ਼ਰੂਰੀ ਨਹੀਂ ਸਮਝੀ, ਉਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪਹਿਲੇ ਦਿਨ ਤੋਂ ਹੀ ਚਲਾਏ ਰਾਹਤ ਕਾਰਜਾਂ ਨਾਲ ਇਸ ਸਿੱਖ ਸੰਸਥਾ ਤੇ ਸਿੱਖਾਂ ਦਾ ਸਿਰ ਜ਼ਰੂਰ ਉੱਚਾ ਹੋਇਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਇਹ ਕਹਿੰਦੇ ਹਨ ਕਿ "ਅੱਜ ਮੈਂ ਮਹਿਸੂਸ ਕਰਦਾ ਹਾਂ ਕਿ ਸਮੁੱਚੀ ਮਾਨਵਤਾ ਨੂੰ ਇਹ ਅਹਿਸਾਸ ਜ਼ਰੂਰ ਹੋਇਆ ਹੈ ਕਿ ਸਿੱਖ ਕੌਮ ਦੀ ਸਰਵਉਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਇਕ ਅਜਿਹੀ ਸੰਸਥਾ ਹੈ ਜੋ ਹਰ ਔਖੀ ਘੜੀ ਮਨੁੱਖਤਾ ਦੇ ਭਲੇ ਖ਼ਾਤਰ ਅੱਗੇ ਆਉਂਦੀ ਹੈ।"

ਜੰਮੂ-ਕਸ਼ਮੀਰ ਦੇ ਹੜ੍ਹ ਪੀੜਤਾਂ ਲਈ ਅਤੇ ਰਾਹਤ ਕਾਰਜਾਂ ਵਿਚ ਰੁੱਝੀ ਭਾਰਤੀ ਫੌਜ ਲਈ ਲੰਗਰ, ਪੀਣ ਵਾਲਾ ਪਾਣੀ, ਸੁੱਕਾ ਦੁੱਧ, ਦਵਾਈਆਂ ਅਤੇ ਹੋਰ ਜ਼ਰੂਰੀ ਵਸਤੂਆਂ ਲੈ ਕੇ ਸਭ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਹੀ ਪੁੱਜੀ ਹੈ। ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ, ਜੂਨੀਅਰ ਮੀਤ ਪ੍ਰਧਾਨ ਸ. ਕੇਵਲ ਸਿੰਘ ਬਾਦਲ, ਜਨਰਲ ਸਕੱਤਰ ਸ. ਸੁਖਦੇਵ ਸਿੰਘ ਭੌਰ, ਅੰਤ੍ਰਿੰਗ ਕਮੇਟੀ ਮੈਂਬਰ ਸ. ਮੋਹਨ ਸਿੰਘ ਬੰਗੀ, ਸ. ਰਜਿੰਦਰ ਸਿੰਘ ਮਹਿਤਾ ਤੇ ਸ. ਕਰਨੈਲ ਸਿੰਘ ਪੰਜੋਲੀ ਸਮੇਤ ਸ਼੍ਰੋਮਣੀ ਕਮੇਟੀ ਦੇ ਸਕੱਤਰ, ਐਡੀਸ਼ਨਲ ਸਕੱਤਰ ਅਤੇ ਮੀਤ ਸਕੱਤਰ ਰੈਂਕ ਦੇ ਅਧਿਕਾਰੀ ਕਸ਼ਮੀਰ ਵਿਚ ਰਾਹਤ ਕਾਰਜਾਂ ਦੀ ਜ਼ਿੰਮੇਵਾਰੀ ਨਿਭਾਅ ਚੁੱਕੇ ਹਨ ਅਤੇ ਹੁਣ ਵੀ ਨਿਭਾਅ ਰਹੇ ਹਨ।










ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਦੀ ਮੈਡੀਕਲ ਟੀਮ ਦਵਾਈਆਂ ਸਮੇਤ ਪੀੜਤਾਂ ਨੂੰ ਲੋੜੀਂਦੀ ਡਾਕਟਰੀ ਸਹਾਇਤਾ ਦੇ ਰਹੀ ਹੈ। ਕਸ਼ਮੀਰ ਦੇ ਹੁਰੀਅਤ ਆਗੂ ਸਈਅਦ ਅਲੀ ਸ਼ਾਹ ਗਿਲਾਨੀ ਐਸੇ ਆਗੂ ਹਨ ਜੋ ਰਾਹਤ ਕੈਂਪਾਂ ਤੀਕ ਪੁੱਜੇ ਹਨ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਕ ਪੱਤਰ ਵੀ ਲਿਖਿਆ ਹੈ। ਇਸ ਮੁਸ਼ਕਿਲ ਘੜੀ ਜਦ ਜੰਮੂ-ਕਸ਼ਮੀਰ ਅਤੇ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਨੂੰ ਲੋਕਾਂ ਪਾਸੋਂ 'ਕਿੱਥੇ ਹੈ ਤੁਹਾਡਾ ਰਾਹਤ ਕਾਰਜ' ਦੇ ਤਾਅਨੇ ਸੁਣਨੇ ਪੈ ਰਹੇ ਹੋਣ ਅਤੇ ਇਸਦੇ ਉਲਟ ਸ਼੍ਰੋਮਣੀ ਕਮੇਟੀ ਵੱਲੋਂ ਨਿਭਾਏ ਫਰਜ਼ ਦੀ ਸ਼ਲਾਘਾ ਮਿਲ ਰਹੀ ਹੋਵੇ ਤਾਂ ਇਸ ਨਾਲ ਸਿੱਖ ਕੌਮ ਦੀ ਸਰਵਉਚ ਸੰਸਥਾ ਦਾ ਕੱਦ ਯਕੀਨਨ ਉੱਚਾ ਹੀ ਹੋਇਆ ਹੈ।

(੨੩ ਸਤੰਬਰ ੨੦੧੪ ਦੇ ਰੋਜ਼ਾਨਾ 'ਪਹਿਰੇਦਾਰ' ਵਿੱਚੋਂ)





**ਜਥੇਦਾਰ ਅਵਤਾਰ ਸਿੰਘ**
ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ
ਜੰਮੂ-ਕਸ਼ਮੀਰ ਦੇ ਗਵਰਨਰ ਸ੍ਰੀ ਨਰਿੰਦਰ ਨਾਥ ਵੋਹਰਾ ਨਾਲ ਮੁਲਾਕਾਤ

# ਕਸ਼ਮੀਰੀਆਂ ਦੇ ਮੁੜ-ਵਸੇਬੇ ਵਿਚ ਵੀ ਹੱਥ ਵਟਾਏਗੀ ਸ਼੍ਰੋਮਣੀ ਕਮੇਟੀ- ਜਥੇਦਾਰ ਅਵਤਾਰ ਸਿੰਘ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਤੰਬਰ ਦੇ ਪਹਿਲੇ ਹਫ਼ਤੇ ਜੰਮੂ-ਕਸ਼ਮੀਰ 'ਚ ਆਏ ਭਿਆਨਕ ਹੜ੍ਹਾਂ ਤੋਂ ਪ੍ਰਭਾਵਿਤ ਹੋਣ ਵਾਲੇ ਕਸ਼ਮੀਰੀ ਲੋਕਾਂ ਨੂੰ ਰਾਹਤ ਪਹੁੰਚਾਉਣ ਵਾਲੀ ਪਹਿਲੀ ਸੰਸਥਾ ਸੀ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਤੇ ਵਾਲੰਟੀਅਰ ਦੂਜੇ ਦਿਨ ਹੀ ਸ੍ਰੀਨਗਰ ਵਿਚ ਪਾਣੀ 'ਚ ਘਿਰੇ ਲੋਕਾਂ ਨੂੰ ਬਾਹਰ ਕੱਢਣ ਤੇ ਲੰਗਰ, ਕੱਪੜੇ ਤੇ ਡਾਕਟਰੀ ਸਹੂਲਤ ਮੁਹੱਈਆ ਕਰਨ ਲੱਗ ਪਏ ਸਨ। ਪਹਿਲੇ ਦਿਨ ੫੦ ਹਜ਼ਾਰ ਲੋਕਾਂ ਲਈ ਹਵਾਈ ਜਹਾਜ਼ ਰਾਹੀਂ ਅੰਮ੍ਰਿਤਸਰ ਤੋਂ ਲੰਗਰ ਤਿਆਰ ਕਰਕੇ ਭੇਜਿਆ ਗਿਆ, ਤੇ ਉਸ ਤੋਂ ਅਗਲੇ ਦਿਨ ਇਕ ਲੱਖ ਲੋਕਾਂ ਲਈ ਲੰਗਰ ਭੇਜਿਆ। ਉਸ ਤੋਂ ਬਾਅਦ ਹੀ ਸਥਾਨਕ ਸਿੱਖ ਸੰਗਤ ਦੀ ਮਦਦ ਨਾਲ ਗੁਰਦੁਆਰਾ ਸ਼ਹੀਦ ਬੁੰਗਾ ਵਿਖੇ ਰਾਹਤ ਕੈਂਪ ਲਗਾਇਆ ਜਿਥੇ ੨੪ ਘੰਟੇ ਲੰਗਰ ਤੇ ਡਾਕਟਰੀ ਸਹੂਲਤ ਦਿੱਤੀ ਜਾਂਦੀ ਰਹੀ। ਸ਼੍ਰੋਮਣੀ ਕਮੇਟੀ ਦਾ ਰਾਹਤ ਕੈਂਪ ਅਜੇ ਵੀ ਜਾਰੀ ਹੈ। ਕਸ਼ਮੀਰੀ ਲੋਕਾਂ ਦੀ ਮਦਦ ਬਾਰੇ 'ਅਜੀਤ' ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਸ਼੍ਰੋਮਣੀ ਕਮੇਟੀ ਨੇ ਕਸ਼ਮੀਰੀ ਲੋਕਾਂ ਦੇ ਮੁੜ ਵਸੇਬੇ ਵਿਚ ਵੀ ਹੱਥ ਵਟਾਉਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਮੁੜ ਵਸੇਬੇ ਲਈ ਕੀਤੇ ਜਾਣ ਵਾਲੇ ਕੰਮਾਂ ਦਾ ਜਾਇਜ਼ਾ ਲੈਣ ਲਈ ਇਕ ਕਮੇਟੀ ਬਣਾਈ ਹੈ, ਜੋ ਸ੍ਰੀਨਗਰ ਜਾ ਕੇ ਸਾਰੇ ਹਾਲਾਤ ਦਾ ਪਤਾ ਲਗਾਏਗੀ। ਸਰਦੀ ਦਾ ਮੌਸਮ ਸ਼ੁਰੂ ਹੋਣ ਕਾਰਨ ੪ ਹਜ਼ਾਰ ਦੇ ਕਰੀਬ ਪਰਿਵਾਰਾਂ ਨੂੰ ਰਜਾਈਆਂ ਮੁਹੱਈਆ ਕਰਨ ਦਾ ਫ਼ੈਸਲਾ ਵੀ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰਿਆਂ ਵਿਚ ਪੜ੍ਹ ਰਹੇ

ਕਸ਼ਮੀਰੀ ਬੱਚਿਆਂ ਦੀ ਪੜ੍ਹਾਈ ਮੁਫ਼ਤ ਕਰ ਦਿੱਤੀ ਗਈ ਹੈ ਤੇ ਜਦ ਤੱਕ ਉਨ੍ਹਾਂ ਦੇ ਮਾਪੇ ਪੈਰਾਂ-ਸਿਰ ਨਹੀਂ ਹੋ ਜਾਂਦੇ ਉਦੋਂ ਤੱਕ ਅਜਿਹੇ ਕਰੀਬ ਇਕ ਸੌ ਬੱਚਿਆਂ ਨੂੰ ਪ੍ਰਤੀ ਮਹੀਨਾ ੫ ਹਜ਼ਾਰ ਰੁਪਏ ਜੇਬ ਖਰਚ ਵੀ ਕਮੇਟੀ ਦੇ ਰਹੀ ਹੈ।

ਇਕ ਸੁਆਲ ਦੇ ਜੁਆਬ ਵਿਚ ਜਥੇਦਾਰ ਅਵਤਾਰ ਸਿੰਘ ਨੇ ਦੱ ਸਿਆ ਕਿ ਸ਼੍ਰੋਮਣੀ ਕਮੇਟੀ ਦੇ ਰਾਹਤ ਕੈਂਪਾਂ ਵਿਚ ਸਭ ਵਰਗਾਂ ਦੇ ਲੋਕ ਆਉਂਦੇ ਹਨ ਤੇ ਅਸੀਂ ਕਦੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ, ਸਗੋਂ ਸਰਬੱਤ ਦੇ ਭਲੇ ਦੇ ਗੁਰੂਆਂ ਦੇ ਉਪਦੇਸ਼ ਅਨੁਸਾਰ ਹਰ ਲੋੜਵੰਦ ਦੀ ਸਹਾਇਤਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਹਰ ਸਮੇਂ ਪੀੜਤਾਂ ਦੀ ਮਦਦ ਕੀਤੀ ਹੈ। ਦੋ ਮਹੀਨੇ ਪਹਿਲਾਂ ਸਹਾਰਨਪੁਰ 'ਚ ਹੋਏ ਦੰਗਿਆਂ ਦੇ ਨੁਕਸਾਨ ਲਈ ਕਮੇਟੀ ਇਕ ਕਰੋੜ ਰੁਪਏ ਦੀ ਸਹਾਇਤਾ ਭੇਜੀ ਤੇ ਇਹ ਸਹਾਇਤਾ ਸਿਰਫ ਸਿੱਖਾਂ ਲਈ ਨਹੀਂ ਸਗੋਂ ਹੋਰਨਾਂ ਫਿਰਕਿਆਂ ਦੇ ਪ੍ਰਭਾਵਿਤ ਲੋਕਾਂ ਨੂੰ ਵੀ ਦਿੱਤੀ ਗਈ।

ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖਾਂ ਦੀ ਸਰਬਉੱਚ ਧਾਰਮਿਕ ਸੰਸਥਾ ਹੈ ਤੇ ਪੂਰੀ ਦੁਨੀਆ ਵਿਚ ਕਿਧਰੇ ਵੀ ਕਿਸੇ ਸਿੱਖ ਉੱਪਰ ਆਫ਼ਤ ਆਏ ਤਾਂ ਅਸੀਂ ਹਰ ਸਮੇਂ ਉਥੇ ਪਹੁੰਚਦੇ ਹਾਂ ਤੇ ਮਦਦਗਾਰ ਹੁੰਦੇ ਹਾਂ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਕਮਜ਼ੋਰ ਕਰਨ ਵਾਲੀਆਂ ਤਾਕਤਾਂ ਸਿੱਖੀ ਨੂੰ ਪ੍ਰਫੁਲਿਤ ਹੋਣ ਦੇ ਰਾਹ ਵਿਚ ਰੋੜੇ ਦਾ ਕੰਮ ਕਰਨ ਵਾਲੀਆਂ ਹਨ। ਇਸੇ ਕਰਕੇ ਦੁਨੀਆ ਭਰ ਵਿਚ ਵਸਦੇ ਸਿੱਖ ਸ਼੍ਰੋਮਣੀ ਕਮੇਟੀ ਦਾ ਬਦਲ ਬਣਨ ਵਾਲੀ ਕਿਸੇ ਵੀ ਧਿਰ ਨੂੰ ਪ੍ਰਵਾਨ ਕਰਨ ਲਈ ਕਦੇ ਵੀ ਤਿਆਰ ਨਹੀਂ ਹੋਣਗੇ।

ਰਿਪੋਰਟ- ਮੇਜਰ ਸਿੰਘ, ਰੋਜ਼ਾਨਾ ਅਜੀਤ (੨ ਅਕਤੂਬਰ ੨੦੧੪)





# ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਪਰਿਵਾਰਾਂ ਦੇ ਮੁੜ ਵਸੇਬੇ ਲਈ ਜਥਾਸ਼ਕਤ ਯਤਨ

ਜੰਮੂ-ਕਸ਼ਮੀਰ ਸੂਬੇ ਦੇ ਹੜ੍ਹ ਪ੍ਰਭਾਵਿਤ ਇਲਾਕੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਭਾਈਚਾਰੇ ਦੇ ਮੁੜ ਵਸੇਬੇ ਲਈ ਮਦਦ ਕੀਤੀ ਜਾਵੇਗੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੀ ਗਠਿਤ ਕੀਤੀ ਗਈ ਸਬ ਕਮੇਟੀ ਦੀ ਮੀਟਿੰਗ ਹੋਈ ਹੈ। ਇਸ ਕਮੇਟੀ ਵਿਚ ਅੰਤ੍ਰਿੰਗ ਕਮੇਟੀ ਮੈਂਬਰ ਸ. ਰਜਿੰਦਰ ਸਿੰਘ ਮਹਿਤਾ, ਸ. ਕਰਨੈਲ ਸਿੰਘ ਪੰਜੋਲੀ ਤੇ ਸ. ਗੁਰਬਚਨ ਸਿੰਘ ਕਰਮੂੰਵਾਲ, ਸਕੱਤਰ ਸ. ਮਨਜੀਤ ਸਿੰਘ ਅਤੇ ਵਧੀਕ ਸਕੱਤਰ ਸ. ਦਲਜੀਤ ਸਿੰਘ ਬੇਦੀ ਸ਼ਾਮਲ ਹਨ। ਮੈਂਬਰਾਂ ਨੇ ਹੜ੍ਹ ਪ੍ਰਭਾਵਿਤ ਇਲਾਕੇ ਦਾ ਦੌਰਾ ਵੀ ਕੀਤਾ ਹੈ। ਕਮੇਟੀ ਵੱਲੋਂ ਇਸ ਸਬੰਧੀ ਆਪਣੀਆਂ ਸਿਫਾਰਸ਼ਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਭੇਜ ਦਿੱਤੀਆਂ ਗਈਆਂ ਹਨ, ਜੋ ਪੀੜਤ ਸਿੱਖ ਪਰਿਵਾਰਾਂ ਨੂੰ ਦਿੱਤੀ ਜਾਣ ਵਾਲੀ ਮਦਦ ਬਾਰੇ ਅੰਤਿਮ ਫ਼ੈਸਲਾ ਕਰਨਗੇ।

ਸ. ਰਜਿੰਦਰ ਸਿੰਘ ਮਹਿਤਾ ਤੇ ਸਕੱਤਰ ਸ. ਮਨਜੀਤ ਸਿੰਘ ਤੇ ਐਡੀ. ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਇਸ ਮਾਮਲੇ ਦੀ ਪੁਸ਼ਟੀ ਕੀਤੀ ਹੈ ਕਿ ਸਬ ਕਮੇਟੀ ਨੇ ਮੀਟਿੰਗ ਮਗਰੋਂ ਆਪਣੀ ਸਿਫਾਰਸ਼ ਪ੍ਰਧਾਨ ਕੋਲ ਭੇਜ ਦਿੱਤੀ ਗਈ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਮੁੜ ਵਸੇਬੇ ਲਈ ਇਹ ਮਦਦ ਸਿਰਫ ਸਿੱਖ ਭਾਈਚਾਰੇ ਨੂੰ ਹੀ ਮੁਹੱਈਆ ਕੀਤੀ ਜਾਵੇਗੀ ਜਦੋਂਕਿ ਰਾਸ਼ਨ, ਗਰਮ ਕੱਪੜੇ ਅਤੇ ਗਰਮ ਬਿਸਤਰਿਆਂ ਸਬੰਧੀ ਮਦਦ ਬਿਨਾਂ ਕਿਸੇ ਭੇਦ ਭਾਵ ਦੇ ਹਰ ਵਿਅਕਤੀ ਨੂੰ ਦਿੱਤੀ ਜਾ ਰਹੀ ਹੈ।



ਵੇਰਵਿਆਂ ਅਨੁਸਾਰ ਕਮੇਟੀ ਵੱਲੋਂ ਕੀਤੀ ਗਈ ਸਿਫਾਰਸ਼ ਤਹਿਤ ਸਿਰਫ ਉਨ੍ਹਾਂ ਸਿੱਖ ਪੀੜਤ ਪਰਿਵਾਰਾਂ ਨੂੰ ਮੁੜ ਵਸੇਬੇ ਲਈ ਮਦਦ ਦਿੱਤੀ ਜਾਵੇਗੀ, ਜਿਨ੍ਹਾਂ ਦੇ ਘਰਾਂ ਦੀਆਂ ਇਮਾਰਤਾਂ ਨੂੰ ਨੁਕਸਾਨ ਪੁੱਜਾ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੀ ਇਕ ਉੱਚ ਪੱਧਰੀ ਟੀਮ ਸ੍ਰੀਨਗਰ ਵਿਚ ਹੜ੍ਹ ਪ੍ਰਭਾਵਿਤ ਇਲਾਕੇ ਵਿਚ ਸਿੱਖ ਪਰਿਵਾਰਾਂ ਦੀਆਂ ਨੁਕਸਾਨੀਆਂ ਗਈਆਂ ਘਰਾਂ ਦੀਆਂ ਇਮਾਰਤਾਂ ਦਾ ਜਾਇਜ਼ਾ ਲੈ ਚੁੱਕੀ ਹੈ। ਇਸ ਸਬੰਧੀ ਇੱਕ ਸਮੁੱਚੀ ਰਿਪੋਰਟ ਤਿਆਰ ਕਰਕੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਸੌਂਪੀ ਜਾ ਚੁੱਕੀ ਹੈ। ਇਸ ਰਿਪੋਰਟ ਮੁਤਾਬਕ ਨੁਕਸਾਨੀਆਂ ਗਈਆਂ ਇਮਾਰਤਾਂ ਦੀਆਂ ਤਿੰਨ ਸ਼੍ਰੇਣੀਆਂ ਬਣਾਈਆਂ ਗਈਆਂ ਹਨ।

ਰੋਜ਼ਾਨਾ ਪੰਜਾਬੀ ਟ੍ਰਿਬਿਊਨ ਵਿੱਚੋਂ (੧੩ ਅਕਤੂਬਰ ੨੦੧੪)















